1

# ਬੁਨਿਆਦੀ ਗੱਲਾਂ ਤੋਂ ਸ਼ੁਰੂ ਕਰਨਾ

ਅਸੀਂ ਕਲੀਸੀਆ ਵਿਚ ਲੀਡਰਸ਼ਿਪ ਦਾ ਅਧਿਐਨ ਸ਼ੁਰੂ ਕਰਨ ਵਾਲੇ ਹਾਂ, ਇਸ ਲਈ ਪਹਿਲਾਂ ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਲੀਡਰਸ਼ਿਪ ਲਈ ਕੀ-ਕੀ ''ਗੁਣ'' ਹੋਣੇ ਜ਼ਰੂਰੀ ਹਨ। ਲੀਡਰਸ਼ਿਪ ਕੀ ਹੈ? ਆਦਮੀ ਨੂੰ ਲੀਡਰ ਜਾਂ ਰਹਿਨੁਮਾ ਕਿਹੜੀ ਚੀਜ਼ ਬਣਾਉਂਦੀ ਹੈ? ਉਹ ਲੀਡਰ ਕਿਵੇਂ ਬਣਦਾ ਹੈ?

## ਲੀਡਰਸ਼ਿਪ ਕੀ ਹੈ?

ਲੀਡਰਸ਼ਿਪ ਦੀ ਪਰਿਭਾਸ਼ਾ ਦੇਣਾ ਸੌਖਾ ਨਹੀਂ ਹੈ। ਸਾਨੂੰ ਲਗਦਾ ਹੈ ਕਿ ਜਿਵੇਂ ਰੈਟਲਸਨੇਕ (ਇਕ ਜ਼ਹਿਰੀਲਾ ਸੱਪ ਜਿਸ ਦੇ ਚੱਲਣ ਨਾਲ ਪੱਤਿਆਂ ਵਿਚ ਖਣ-ਖਣ ਦੀ ਅਵਾਜ਼ ਆਉਂਦੀ ਹੈ) ਨੂੰ ਵੇਖ ਕੇ ਲਗਦਾ ਹੈ ਕਿ ਸਾਨੂੰ ਪਤਾ ਹੈ ਉਹ ਕਿਹੋ ਜਿਹਾ ਹੁੰਦਾ ਹੈ, ਉਵੇਂ ਹੀ ਅਸੀਂ ਵੇਖ ਕੇ ਆਖ ਸਕਦੇ ਹਾਂ ਕਿ ਲੀਡਰਸ਼ਿਪ ਕੀ ਹੁੰਦੀ ਹੈ, ਪਰ ਲੀਡਰਸ਼ਿਪ ਦੀ ਪਰਿਭਾਸ਼ਾ ਦੇਣਾ ਰੈਟਲਸਨੇਕ ਬਾਰੇ ਦੱਸਣ ਨਾਲੋਂ ਔਖਾ ਹੈ।

ਅਸੀਂ ਜਾਣਦੇ ਹਾਂ ਕਿ ਯਿਸੂ ਲੀਡਰ ਭਾਵ ਰਹਿਨੁਮਾ ਸੀ ਕਿਉਂਕਿ ਉਸ ਦੇ ਚੇਲੇ ਉਸ ਦੇ ਮਗਰ ਚੱਲਦੇ ਸਨ। ਮੂਸਾ ਇਕ ਆਗੂ ਸੀ ਕਿਉਂਕਿ ਉਹ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਕੱਢ ਕੇ ਜੰਗਲ ਵਿੱਚੋਂ ਦੀ ਹੁੰਦੇ ਹੋਏ ਕਨਾਨ ਦੀ ਹੱਦ ਤਕ ਲੈ ਕੇ ਆਇਆ। ਨਹਮਯਾਹ ਆਗੂ ਜਾਂ ਲੀਡਰ ਸੀ ਕਿਉਂਕਿ ਉਸ ਨੇ ਯਰੂਸ਼ਲਮ ਦੀ ਸ਼ਹਿਰਪਨਾਹ ਨੂੰ ਫੇਰ ਤੋਂ ਬਣਾਉਣ ਲਈ ਇਸਰਾਏਲੀਆਂ ਨੂੰ ਹਦਾਇਤ ਦਿੱਤੀ ਸੀ। ਕੀ ਲੋਕਾਂ ਦੇ ਗੁਣਾਂ ਨੂੰ ਮਿਲਾ ਕੇ (ਯਕੀਨਨ ਹੀ, ਯਿਸੂ ਆਮ ਆਦਮੀ ਨਾਲੋਂ ਉੱਪਰ ਸੀ) ਲੀਡਰਸ਼ਿਪ ਦੀ ਪਰਿਭਾਸ਼ਾ ਮਿਲ ਜਾਂਦੀ ਹੈ?

ਮਸ਼ਹੂਰ ਲੀਡਰਾਂ ਬਾਰੇ ਵਿਚਾਰ ਕਰਨ ਤੇ ਸਾਡੇ ਧਿਆਨ ਵਿਚ ਜਾਰਜ ਵਾਸ਼ਿੰਗਟਨ, ਅਬਰਾਹਮ ਲਿੰਕਨ, ਫ੍ਰੈਂਕਲਿਨ ਰੂਜ਼ਵੇਲਟ ਅਤੇ ਬਾਪੂ ਗਾਂਧੀ ਵਾਂਗੂ ਵੱਡੇ ਸਿਆਸੀ ਲੀਡਰਾਂ ਦੇ ਨਾਂਅ ਆਉਂਦੇ ਹਨ। ਪਰ ਲੀਡਰ ਸਹੀ ਜਾਂ ਗ਼ਲਤ ਕਿਸੇ ਵੀ ਦਿਸ਼ਾ ਵਿਚ ਅਗਵਾਈ ਕਰ ਸਕਦੇ ਹਨ। ਹੂਲ ਹੂਨੀ ਅਟਿੱਲਾ ਵੀ ਲੀਡਰ ਸੀ ਅਤੇ ਹਿਟਲਰ ਵੀ। ਯਿਸੂ ਲੀਡਰ ਸੀ, ਤਾਂ ਮੁਹੰਮਦ, ਜਿਮ ਜੋਨਸ ਅਤੇ ਵਰਨੋਨ ਹਾਵਲ (ਡੇਵਿਡ ਕੋਰੇਸ਼) ਵੀ ਧਾਰਮਿਕ ਫ਼ਿਰਕਿਆਂ ਦੇ ਲੀਡਰ ਜਾਂ ਆਗੂ ਸਨ।

ਕਿਸੇ ਦੌੜਾਕ ਨੂੰ ''ਟੀਮ ਲੀਡਰ'' ਮੰਨਿਆ ਜਾ ਸਕਦਾ ਹੈ। ਹੋ ਸਕਦਾ ਹੈ ਕਿ ਉਹ ਟੀਮ ਦਾ ਕੈਪਟਨ ਨਾ ਹੋਵੇ ਜਾਂ ਟੀਮ ਦਾ ਸਭ ਤੋਂ ਵਧੀਆ ਖਿਡਾਰੀ ਨਾ ਹੋਵੇ; ਪਰ ਉਹਦੇ ਖੇਡਣ ਨਾਲ ਟੀਮ ਦੇ ਹਰ ਖਿਡਾਰੀ ਦੇ ਬੇਹਤਰ ਖੇਡਣ ਨਾਲ ਟੀਮ ਦੀ ਜਿੱਤ ਹੁੰਦੀ ਹੈ! ਦੂਜੇ ਪਾਸੇ

ਕਈ ਵਾਰ ਕੋਈ ਟੀਮ ਹਾਰਦੀ ਹੋਈ ਲਗਦੀ ਹੈ, ਕਿਉਂਕਿ ਸਾਡੀ ਸਮਝ ਨਾਲ ਉਸ ਵਿਚ ''ਲੀਡਰ'' ਜਾਂ ਅਗਵਾਈ ਦੇਣ ਵਾਲਾ ''ਨਹੀਂ'' ਹੁੰਦਾ ਹੈ।

ਅਸੀਂ ਜਾਣਦੇ ਹਾਂ ਕਿ ਕੌਣ ਲੀਡਰ ਨਹੀਂ ਹੁੰਦਾ। ਅਸੀਂ ਇਕ ਆਦਮੀ ਬਾਰੇ ਸੁਣਿਆ ਹੈ ਜੋ ਦੌੜਦਾ ਹੋਇਆ ਪਿੰਡ ਦੀ ਦੁਕਾਨ ਚ ਜਾ ਕੇ ਦੁਕਾਨਦਾਰ ਨੂੰ ਕਹਿਣ ਲੱਗਾ, ''ਭਲਾ ਅੱਧਾ ਕੁ ਘੰਟਾ ਪਹਿਲਾਂ ਇੱਧਰੋਂ ਦੀ ਤਿੰਨ ਮੁੰਡਿਆਂ ਦੀ ਇਕ ਟੋਲੀ ਨਿੱਕਲੀ ਸੀ?'' ''ਹਾਂ,'' ਦੁਕਾਨਦਾਰ ਨੇ ਜਵਾਬ ਦਿੱਤਾ। ''ਉਹ ਕਿੱਧਰ ਨੂੰ ਗਏ ਹਨ?'' ਪੁੱਛਦਾ ਹੋਇਆ ਉਹ ਕਹਿਣ ਲੱਗਾ, ''ਮੈਂ ਉਨ੍ਹਾਂ ਨੂੰ ਲੱਭ ਰਿਹਾ ਹਾਂ ਕਿਉਂਕਿ ਮੈਂ ਉਨ੍ਹਾਂ ਦਾ ਲੀਡਰ ਹਾਂ।'' ਅਸੀਂ ਜਾਣਦੇ ਹਾਂ ਕਿ ਉਹ ਆਦਮੀ ਉਨ੍ਹਾਂ ਦਾ ਲੀਡਰ ਨਹੀਂ ਹੋ ਸਕਦਾ, ਤਾਂ ਫਿਰ ਲੀਡਰ ਜਾਂ ਆਗੂ ਹੁੰਦਾ ਕੀ ਹੈ? ਲੀਡਰਸ਼ਿਪ ਕੀ ਹੁੰਦੀ ਹੈ?

### ਵੱਖ-ਵੱਖ ਪਰਿਭਾਸ਼ਾਵਾਂ

ਲੀਡਰਸ਼ਿਪ ਦੀ ਪਰਿਭਾਸ਼ਾ ਕਈ ਤਰ੍ਹਾਂ ਨਾਲ ਦਿੱਤੀ ਗਈ ਹੈ। ਡਿਕਸ਼ਨਰੀ ਮੁਤਾਬਕ ਲੀਡਰ ਉਹ ਆਦਮੀ ਹੁੰਦਾ ਹੈ ਜੋ ''ਕਿਸੇ ਸਮੂਹ ਜਾਂ ਕੰਮ ਦੇ ਤੌਰ ਤੇ ਦਿਸ਼ਾ ਦੇਣ, ਹੁਕਮ ਦੇਣ ਜਾਂ ਅਗਵਾਈ ਕਰਨ ਵਿਚ ਮੁੱਖ'' ਹੋਵੇ। ਲੀਡਰਸ਼ਿਪ ਦੀ ਪਰਿਭਾਸ਼ਾ ਟੀਚੇ ਤੈਅ ਕਰਨ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ''ਇਕ ਸੰਗਠਿਤ ਸਮੂਹ ਦੀਆਂ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਨ ਦੀ ਪ੍ਰਕਿਰਿਆ'' ਤੋਂ ਲੈ ਕੇ ਦੂਜਿਆਂ ਦੇ ਵਿਹਾਰ ਨੂੰ ਅਗਵਾਈ ਦੇਣ ਜਾਂ ਉਨ੍ਹਾਂ ਨੂੰ ਕੰਟਰੋਲ ਕਰਣ, ਪ੍ਰੇਰਣਾ ਦੇਣ ਤਕ ਦਿੱਤੀ ਜਾਂਦੀ ਹੈ।[1]

ਲੀਡਰਸ਼ਿਪ ਦੀਆਂ ਹੋਰ ਵੀ ਕਈ ਪਰਿਭਾਸ਼ਾਵਾਂ ਹੋ ਸਕਦੀਆਂ ਹਨ। ਵੱਖ ਵੱਖ ਪਰਿਭਾਸ਼ਾਵਾਂ ਦੇ ਮੁਲਾਂਕਣ ਕਰਨ ਦੇ ਬਾਅਦ, ਕੈਨਥ ਓ. ਗੈਂਗੇਲ ਨੇ ਆਪਣੀ ਖੋਜ ਨੂੰ ਇਵੇਂ ਕਲਮਬੱਧ ਕੀਤਾ ਹੈ:

> ... ਲੀਡਰਸ਼ਿਪ ਇਕ *ਗੁਣ* ਹੈ; ਲੀਡਰਸ਼ਿਪ ਵਿਚ *ਦੂਜਿਆਂ ਨਾਲ ਕੰਮ ਕਰਨ* ਅਤੇ ਕਿਸੇ *ਟੀਚੇ ਵੱਲ ਵਧਣਾ* ਸ਼ਾਮਲ ਹੈ। ਜੇ ਇਸ ਕਿਤਾਬ ਦੇ ਸਕੋਪ ਲਈ ਮੰਨਣਯੋਗ ਪਰਿਭਾਸ਼ਾ ਵਿੱਚੋਂ ਇਹ ਤਿੰਨੇ ਗੱਲਾਂ ਹੁੰਦੀਆਂ, ਤਾਂ ਇਵੇਂ ਲਗ ਸਕਦੀ ਸੀ: *ਲੀਡਰਸ਼ਿਪ ਕਿਸੇ ਗੁੱਟ ਦੀਆਂ ਕੁਝ ਖ਼ਾਸ ਖੂਬੀਆਂ, ਸੁਭਾਅ ਅਤੇ ਯੋਗਤਾ ਵਾਲੇ ਇਕ ਮੈਂਬਰ ਦਾ ਵਰਤਾਉ ਹੈ ਜੋ ਦਿੱਤੇ ਸਮੇਂ ਵਿਚ ਆਪਸੀ ਰਜ਼ਾਮੰਦੀ ਨਾਲ ਟੀਚਿਆਂ ਵੱਲ ਪੂਰੀ ਜਮਾਤ ਦੇ ਵਿਹਾਰ ਨੂੰ ਬਦਲ ਦਿੰਦਾ ਹੈ।*[2]

ਬਹੁਤ ਵਾਰ, ਲੀਡਰਸ਼ਿਪ ਦੀਆਂ ਪਰਿਭਾਸ਼ਾਵਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਲੀਡਰਸ਼ਿਪ ਭਾਵ ਸਿਆਸੀ ਲੀਡਰਾਂ ਦੀ ਰਹਿਨੁਮਾਈ ਨੂੰ ਮੰਨ ਲਿਆ ਜਾਂਦਾ ਹੈ। ਇਸ ਦੇ ਉਲਟ, ਅਸੀਂ ਸ਼ਬਦ ਦੀ ਪਰਿਭਾਸ਼ਾ ਵਿਚ ਹਰ ਤਰ੍ਹਾਂ ਦੀ ਲੀਡਰਸ਼ਿਪ ਨੂੰ ਲਿਆਉਣਾ ਚਾਹੁੰਦੇ ਹਾਂ।

### ਸਾਡੀ ਪਰਿਭਾਸ਼ਾ

ਫਿਰ ਸਾਡੀ ਪਰਿਭਾਸ਼ਾ ਅਨੁਸਾਰ ਲੀਡਰਿਸ਼ਪ *ਪਹਿਲਾਂ ਤੋਂ ਠਹਿਰਾਏ ਟੀਚੇ ਜਾਂ ਮਕਸਦ ਨੂੰ ਹਾਸਲ ਕਰਨ ਲਈ ਮਰਜ਼ੀ ਨਾਲ ਅਤੇ ਸਮਝਦਾਰੀ ਨਾਲ ਕੀਤੀ ਜਾਣ ਵਾਲੀ ਖਾਸ ਲੋਕਾਂ ਜਾਂ ਕਿਸੇ ਸਮੂਹ ਦੀ ਅਗਵਾਈ ਨੂੰ ਆਖਿਆ ਜਾਂਦਾ ਹੈ।* ਇਸ ਅਧਿਆਇ ਵਿਚ ਅਸੀਂ ਅਜਿਹੀ

ਲੀਡਰਸ਼ਿਪ ਤੇ ਹੀ ਵਿਚਾਰ ਕਰਾਂਗੇ।

ਇਸ ਪਰਿਭਾਸ਼ਾ ਦਾ ਹਰ ਭਾਗ ਅਹਿਮ ਹੈ। ਪਹਿਲਾਂ ਤਾਂ, ਜਿਵੇਂ ਕਿ ਅਸੀਂ ਇਕ ਪਰਿਭਾਸ਼ਾ ਦੇ ਰਹੇ ਹਾਂ, ਲੀਡਰਸ਼ਿਪ ''ਸਮਝ ਅਤੇ ਅਕਲ ਨਾਲ'' ਹੁੰਦੀ ਹੈ। ਇਸ ਦਾ ਮਤਲਬ ਇਹ ਹੈ ਕਿ ਇਹ ''ਅਚਾਨਕ'' ਜਾਂ ''ਅਚੇਤ'' ਨਹੀਂ ਹੁੰਦੀ। ਜਿਵੇਂ ਕਿ ਕਈ ਵਾਰ ਲੀਡਰਸ਼ਿਪ ਦੀ ਪਰਿਭਾਸ਼ਾ ਦਿੱਤੀ ਜਾਂਦੀ ਹੈ, ਇਸ ਦਾ ਮਤਲਬ ਚੰਗੇ ਜਾਂ ਮਾੜੇ ਕੰਮ ਲਈ ''ਦੂਜਿਆਂ ਨੂੰ ਪ੍ਰਭਾਵਿਤ ਕਰਨਾ ਹੈ।'' ਬੇਸ਼ੱਕ, ਇਵੇਂ ਹੁੰਦਾ ਹੈ। ਅਸੀਂ ਸਭ ਆਪਣੀ ਜ਼ਿੰਦਗੀ, ਵਿਹਾਰ, ਗੱਲਾਂ ਅਤੇ ਸੁਭਾਅ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰਦੇ ਹਾਂ। ਪਰ ਇਸ ਨਾਲ, ''ਲੀਡਰਸ਼ਿਪ'' ਦਾ ਉਹ ਅਰਥ ਜਿਸ ਦੀ ਵਰਤੋਂ ਅਸੀਂ ਇਨ੍ਹਾਂ ਪਾਠਾਂ ਵਿਚ ਕਰ ਰਹੇ ਹਾਂ, ਖ਼ਤਮ ਨਹੀਂ ਹੋ ਜਾਂਦਾ।

ਦੂਜੀ ਗੱਲ, ਲੀਡਰਸ਼ਿਪ ''ਖ਼ਾਸ ਲੋਕਾਂ ਜਾਂ ਕਿਸੇ ਸਮੂਹ ਦੀ ਅਗਵਾਈ'' ਕਰਨ ਨੂੰ ਆਖਿਆ ਜਾਂਦਾ ਹੈ। ਲੋਕਾਂ ਦੇ ਬਗ਼ੈਰ ਲੀਡਰਸ਼ਿਪ ਜਾਂ ਅਗਵਾਈ ਕਰਨ ਵਾਲਾ ਨਹੀਂ ਹੋ ਸਕਦਾ। ਪਰਿਭਾਸ਼ਾ ਤੋਂ ਹੀ, ਲੀਡਰਸ਼ਿਪ ਲਈ ਦੂਜਿਆਂ ਦੀ ਅਗਵਾਈ ਕਰਨ ਵਾਲੇ ਦੀ ਦਿਸ਼ਾ ਮਿਲਣੀ ਜ਼ਰੂਰੀ ਹੈ। ਲੀਡਰ ਜਾਂ ਆਗੂ ਉਸ ਨੂੰ ਹੀ ਕਿਹਾ ਜਾ ਸਕਦਾ ਹੈ ਜਿਸ ਦੇ ਮਗਰ ਲੋਕ ਲਗਦੇ ਹੋਣ।

ਤੀਜੀ ਗੱਲ, ਲੀਡਰਸ਼ਿਪ ''ਪਹਿਲਾਂ ਤੋਂ ਠਹਿਰਾਏ ਹੋਏ ਟੀਚੇ ਜਾਂ ਮਕਸਦ ਨੂੰ ਪੂਰਾ ਕਰਨ ਲਈ'' ਇਕ ਸਮੂਹ ਦੀ ਅਗਵਾਈ ਕਰਨਾ ਹੈ। ਲੀਡਰਸ਼ਿਪ ਦਾ ਮਤਲਬ ਹੀ ਕਿਸੇ ਵੱਡੇ ਟੀਚੇ ਜਾਂ ਮਕਸਦ ਨੂੰ ਹਾਸਲ ਕਰਨ ਲਈ ਦੂਜਿਆਂ ਨੂੰ ਕੰਮ ਵਿਚ ਲਾਉਣਾ ਹੈ। ਉਹ ਮਕਸਦ ਲੀਡਰ ਜਾਂ ਆਗੂ ਦੇ ਮਨ ਵਿਚ ਤਾਂ ਹੁੰਦਾ ਹੈ, ਪਰ ਜ਼ਰੂਰੀ ਨਹੀਂ ਕਿ ਉਹ ਲੋਕਾਂ ਦੇ ਮਨ ਵਿਚ ਵੀ ਹੋਵੇ (ਖ਼ਾਸ ਕਰਕੇ ਪਹਿਲਾਂ) ਜਿਨ੍ਹਾਂ ਦੀ ਉਹ ਅਗਵਾਈ ਕਰਦਾ ਹੈ।

ਇਹ ਪਰਿਭਾਸ਼ਾ ਐਨੀ ਵਿਸ਼ਾਲ ਹੈ ਕਿ ਇਸ ਵਿਚ ਹਰ ਤਰ੍ਹਾਂ ਦੀ ਲੀਡਰਸ਼ਿਪ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਕ ਬਾਸ ਆਪਣੇ ਕੰਮ ਕਰਨ ਵਾਲਿਆਂ ਨੂੰ ਇਕ ਟੀਚਾ ਪੂਰਾ ਕਰਨ ਵਿਚ ਅਗਵਾਈ ਦਿੰਦਾ ਹੈ, ਭਾਵੇਂ ਉਹ ਟੀਚਾ ਉਹਦੇ ਲਈ ਹੋਰ ਪੈਸਾ ਕਮਾਉਣਾ ਹੀ ਕਿਉਂ ਨਾ ਹੋਵੇ। ਉਹ ਉਨ੍ਹਾਂ ਤੋਂ ਇਹ ਕੰਮ ਤਨਖ਼ਾਹ ਦੇ ਕੇ ਅਤੇ ਜਦੋਂ ਉਹ ਕੰਮ ਤੇ ਨਹੀਂ ਆਉਂਦੇ ਤਾਂ ਉਨ੍ਹਾਂ ਦੀ ਤਨਖ਼ਾਹ ਕੱਟ ਕੇ ਕਰਵਾਉਂਦਾ ਹੈ। ਇਸ ਪਰਿਭਾਸ਼ਾ ਅਨੁਸਾਰ ਇਹ ਵੀ ਲੀਡਰਸ਼ਿਪ ਦੀ ਇਕ ਕਿਸਮ ਹੈ। ਬੈਂਕ ਵਿਚ ਡਾਕਾ ਮਾਰਨ ਵਾਲਾ ਬੰਦੂਕ ਦੀ ਨੋਕ ਤੇ ਦੂਜੇ ਨੂੰ ਤਿਜੋਰੀ ਖੋਲ੍ਹਣ ਲਈ ਆਖਦਾ ਹੈ ਤਾਂ ਜੋ ਉਹ ਉਸ ਵਿੱਚੋਂ ਪੈਸਾ ਚੋਰੀ ਕਰ ਸਕੇ। ਇਹ ਵੀ ਇਕ ਤਰ੍ਹਾਂ ਦੀ ਲੀਡਰਸ਼ਿਪ ਹੈ।

ਕਲੀਸੀਆ ਦੇ ਰਹਿਨੁਮਾਵਾਂ ਵਿਚ ਬਾਸ ਅਤੇ ਬੈਂਕ ਵਿਚ ਡਾਕਾ ਮਾਰਨ ਵਾਲੇ ਆਦਮੀ ਵਿਚ ਕੁਝ ਸਮਾਨਤਾ ਹੈ। ਉਹ ਵੀ ਲੋਕਾਂ ਨੂੰ ਕੁਝ ਕਰਨ ਲਈ, ਲੀਡ ਕਰਨ, ਅਗਵਾਈ ਦੇਣ ਜਾਂ ਦਿਸ਼ਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਕਲੀਸੀਆ ਦੇ ਰਹਿਨੁਮਾਵਾਂ ਅਤੇ ਦੂਜੇ ਲੀਡਰਾਂ ਵਿਚ ''ਲੀਡਰਸ਼ਿਪ'' ਸ਼ਬਦ ਦੇ ਅਰਥ ਦਾ ਤਾਂ ਫ਼ਰਕ ਨਹੀਂ ਹੈ, ਪਰ **ਮਿੱਥੇ ਗਏ** *ਟੀਚਿਆਂ ਅਤੇ ਅਗਵਾਈ ਕਰਨ ਦੇ ਤਰੀਕਿਆਂ ਵਿਚ* ਜ਼ਰੂਰ ਫ਼ਰਕ ਹੈ।

## ਲੀਡਰਸ਼ਿਪ ਕਿੱਥੋਂ ਆਉਂਦੀ ਹੈ?

ਕੋਈ ਲੀਡਰ ਕਿਵੇਂ ਬਣਦਾ ਹੈ? ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ, ਅਸੀਂ ਇਸ

ਨਾਲ ਜੁੜੇ ਦੋ ਸਵਾਲਾਂ ਤੇ ਵਿਚਾਰ ਕਰਨਾ ਚਾਹੁੰਦੇ ਹਾਂ।

**ਦੋ ਸਵਾਲ**

*ਭਲਾ ਲੀਡਰ ਕੋਈ ਵੀ ਬਣ ਸਕਦਾ ਹੈ?* ਕਿਸੇ ਦਾ ਕਹਿਣਾ ਹੈ ਕਿ ਹਾਂ ਹਰ ਕੋਈ ਲੀਡਰ ਹੁੰਦਾ ਹੈ। ਬਲਕਿ ਇਕ ਸੀਮਤ ਅਰਥ ਵਿਚ ਇਹ ਗੱਲ ਸਹੀ ਹੈ (ਲੀਡਰਸ਼ਿਪ ਕਿਸੇ ਦੀ ਪਰਿਭਾਸ਼ਾ ਤੇ ਨਿਰਭਰ ਹੈ)। ਹਰ ਕੋਈ ਕਿਸੇ ਨਾ ਕਿਸੇ ਕੰਮ ਵਿਚ ਮਾਹਿਰ ਹੁੰਦਾ ਹੈ ਅਤੇ ਉਸ ਨਾਲ ਦੂਜਿਆਂ ਨੂੰ ਕੁਝ ਨਾ ਕੁਝ ਦਿਸ਼ਾ ਮਿਲਦੀ ਹੈ। ਜ਼ਿਆਦਾਤਰ ਅਜਿਹੀ ਲੀਡਰਸ਼ਿਪ ਚੇਤਨਾ ਰਹਿਤ ਹੁੰਦੀ ਹੈ ਕਿਉਂਕਿ ਲੋਕਾਂ ਨੂੰ ਇਸ ਗੱਲ ਦਾ ਧਿਆਨ ਨਹੀਂ ਹੁੰਦਾ ਕਿ ਉਹ ਕਿਸੇ ਦੀ ਅਗਵਾਈ ਕਰ ਰਹੇ ਹਨ ਜਾਂ ਕੋਈ ਉਨ੍ਹਾਂ ਦਾ ਲੀਡਰ ਹੈ। ਯਕੀਨਨ ਹੀ ਮਸੀਹੀ ਲੋਕਾਂ ਨੂੰ ਆਪਣੇ ਪ੍ਰਭਾਵ ਦੀ ਜਾਣਕਾਰੀ ਹੋ ਸਕਦੀ ਹੈ, ਜੋ ਕਿ ਹੋਣੀ ਵੀ ਚਾਹੀਦੀ ਹੈ ਅਤੇ ਉਹ ਸੁਰਗ ਵੱਲ ਲਿਜਾਣ ਅਤੇ ਸਮਝ ਨਾਲ ਆਪਣੇ ਪ੍ਰਭਾਵ ਦੀ ਵਰਤੋਂ ਕਰਦੇ ਹਨ ਅਤੇ ਇਸ ਦੀ ਇੱਛਾ ਵੀ ਕਰਨੀ ਚਾਹੀਦੀ ਹੈ।

ਹਰ ਆਦਮੀ ਹਰ ਹਾਲਾਤ ਵਿਚ ਲੀਡਰ ਨਹੀਂ ਹੁੰਦਾ। ਜੇ ਇਵੇਂ ਹੁੰਦਾ ਤਾਂ ''ਲੀਡਰ'' ਅਤੇ ''ਲੀਡਰਸ਼ਿਪ'' ਸ਼ਬਦ ਦਾ ਕੋਈ ਅਰਥ ਹੀ ਨਹੀਂ ਰਹਿੰਦਾ।

*ਭਲਾ ਲੀਡਰ ਪੈਦਾਇਸ਼ੀ ਹੁੰਦੇ ਹਨ ਜਾਂ ਬਣਾਏ ਜਾਂਦੇ ਹਨ?* ਇਕ ਅਰਥ ਵਿਚ, ਲੀਡਰ ''ਪੈਦਾ'' ਹੁੰਦੇ ਹਨ, ਘੱਟੋ-ਘੱਟ ਇਸ ਗੱਲ ਵਿਚ ਕਿ ਉਨ੍ਹਾਂ ਦੀ ਪੈਦਾਇਸ਼ ਅਤੇ ਰਹਿਨੁਮਾਈ ਲਈ ਉਨ੍ਹਾਂ ਦਾ ਘਰੇਲੂ ਮਹੌਲ ਉਨ੍ਹਾਂ ਨੂੰ ਕਾਬਿਲ ਠਹਿਰਾਉਂਦਾ ਹੈ। ਅਸੀਂ ਸਭ ਨੇ ਅਜਿਹੇ ਲੋਕਾਂ ਨੂੰ ਵੇਖਿਆ ਹੋਵੇਗਾ ਜਿਨ੍ਹਾਂ ਨੂੰ ''ਕਰਿਸ਼ਮਾਈ'' ਲੀਡਰ ਕਿਹਾ ਜਾਂਦਾ ਹੈ ਕਿਉਂਕਿ ਲੋਕ ਕੁਦਰਤੀ ਹੀ ਉਨ੍ਹਾਂ ਦੇ ਮਗਰ ਲਗ ਜਾਂਦੇ ਹਨ। ਬਿਨਾਂ ਬਹੁਤੀ ਮਿਹਨਤ ਕੀਤਿਆਂ ਉਹ ਆਪਣੇ ਆਲੇ-ਦੁਆਲੇ ਸਿਫ਼ਤਾਂ ਕਰਨ ਵਾਲਿਆਂ ਜਾਂ ਪੈਰੋਕਾਰਾਂ ਦੀ ਭੀੜ ਜੋੜ ਲੈਂਦੇ ਹਨ। ਉਹ ਭਾਵੇਂ ਕਿਸੇ ਅਹੁਦੇ ਲਈ ਚੁਣੇ ਜਾਣ ਜਾਂ ਕੰਪਨੀ ਦੇ ਪ੍ਰਧਾਨ ਬਣ ਜਾਣ, ਲੋਕ ਅਗਵਾਈ ਅਤੇ ਦਿਸ਼ਾ ਲਈ ਉਨ੍ਹਾਂ ਦੀ ਗੱਲ ਮੰਨਦੇ ਹਨ। ਇਸ ਦੇ ਇਲਾਵਾ ਕਈਆਂ ਵਿਚ ਆਪਣੀ ਗੱਲ ਮਨਵਾਉਣ ਲਈ ਦੂਜਿਆਂ ਨੂੰ ਆਪਣੇ ਮਗਰ ਲਾਉਣ ਦਾ ਗੁਣ ਪੈਦਾਇਸ਼ੀ ਹੀ ਹੁੰਦਾ ਹੈ ਅਤੇ ਉਹ ਕਿਸੇ ਵੀ ਕੰਮ ਨੂੰ ਕਰਨ ਲਈ ਬੜੇ ਜ਼ਬਰਦਸਤ ਢੰਗ ਨਾਲ ਲੋਕਾਂ ਨੂੰ ਆਪਣੇ ਨਾਲ ਲੈ ਸਕਦਾ ਹੈ।

ਨਵੇਂ ਨੇਮ ਦੇ ਸਮੇਂ ਵਿਚ ''ਪੈਦਾਇਸ਼ੀ ਲੀਡਰ'' ਹੋਣ ਦੀ ਵਧੀਆ ਉਦਾਹਰਣ ਸੌਲੁਸ ਸੀ ਜਿਸ ਨੂੰ ਬਾਅਦ ਵਿਚ ਪੌਲੁਸ ਰਸੂਲ ਵੀ ਕਿਹਾ ਗਿਆ। ਯਹੂਦੀ ਧਰਮ ਦਾ ਇਹ ਆਗੂ (ਫ਼ਿਲਿੱਪੀਆਂ 3:4-7) ਖ਼ੁਦਾ ਦੀ ਦਿਆ ਨਾਲ ਆਪਣੀ ਮਨਬਦਲੀ ਦੇ ਬਾਅਦ ਮਸੀਹੀ ਧਰਮ ਦਾ ਰਹਿਨੁਮਾ ਬਣ ਗਿਆ। ਪੌਲੁਸ ਵਿਚ ਕਿਸੇ ਵੀ ਸੰਗਠਨ ਜਾਂ ਜਮਾਤ ਦਾ ਆਗੂ ਬਣਨ ਦਾ ਕੁਦਰਤੀ ਗੁਣ ਸੀ।

ਦੂਜੇ ਪਾਸੇ, ਲਗਦਾ ਹੈ ਕਿ ਕਈ ਵਾਰ ਜਿਨ੍ਹਾਂ ਵਿਚ ਲੀਡਰਸ਼ਿਪ ਦੇ ਗੁਣ ਨਹੀਂ ਹੁੰਦੇ ਉਨ੍ਹਾਂ ਨੂੰ ਹਾਲਾਤ ਦੇ ਕਾਰਣ ਅਗਵਾਈ ਕਰਨੀ ਪੈਂਦੀ ਹੈ। ਮੈਂ ਕਲੀਸੀਆ ਵਿਚ ਅਜਿਹੇ ਲੋਕਾਂ ਨੂੰ ਵੇਖਿਆ ਹੈ ਜੋ ਨਾ ਤਾਂ ਪੈਦਾਇਸ਼ੀ ਲੀਡਰ ਸਨ ਅਤੇ ਨਾ ਹੀ ਉਨ੍ਹਾਂ ਨੇ ਲੀਡਰਸ਼ਿਪ ਦੀ ਕੋਈ ਸਿੱਖਿਆ ਪਾਈ ਸੀ, ਪਰ ਉਨ੍ਹਾਂ ਕੋਲ ਅਗਵਾਈ ਕਰਨ ਦੇ ਇਲਾਵਾ ਕੋਈ ਹੋਰ ਚਾਰਾ ਨਹੀਂ ਸੀ। (ਹੋ ਸਕਦਾ ਹੈ ਕਿ ਅਸੀਂ ਕਲੀਸੀਆ ਦੇ ਅਜਿਹੇ ਆਗੂਆਂ ਬਾਰੇ ਬਹੁਤਾ ਅਲੋਚਨਾਤਮਕ ਨਜ਼ਰੀਆ ਰੱਖਦੇ ਹੋਈਏ।)

ਜੇ ਲੀਡਰ ਬਣਨ ਦੇ ਬਆਦ ਲੋਕਾਂ ਵਿਚ ਉਸ ਕੰਮ ਨੂੰ ਕਰਨ ਦੀ ਖੂਬੀ ਆ ਜਾਂਦੀ ਹੋਵੇ, ਤਾਂ ਇਸ ਦਾ ਮਤਲਬ ਹੈ ਕਿ ਕੋਈ ਵੀ ਅਗਵਾਈ ਕਰਨ ਦੇ ਉਸ ਕੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨਾ ਸਿੱਖ ਸਕਦਾ ਹੈ। ਇਸ ਅਰਥ ਵਿਚ, ਲੀਡਰ ''ਬਣਾਏ'' ਜਾ ਸਕਦੇ ਹਨ।

**ਲੀਡਰਸ਼ਿਪ ਖ਼ੁਦਾ ਤੋਂ ਮਿਲੇ ਦਾਨ ਦੇ ਰੂਪ ਵਿਚ**

ਲੀਡਰਸ਼ਿਪ ਦਾ ਅਸਲ ਦੇਣ ਵਾਲਾ ਖ਼ੁਦਾ ਹੀ ਹੈ! ਨਵੇਂ ਨੇਮ ਦੀ ਇਸ ਸਿੱਖਿਆ ਤੇ ਸਾਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਲੀਡਰਸ਼ਿਪ ਜਾਂ ਰਹਿਨੁਮਾਈ ਕਰਨਾ ਖ਼ੁਦਾ ਵੱਲੋਂ ਮਿਲਿਆ ਦਾਨ ਹੈ। ਬਾਈਬਲ ਦੇ ਸਮਿਆਂ ਵਿਚ ਖ਼ੁਦਾ ਨੇ ਆਗੂਆਂ ਨੂੰ ਚੁਣ ਕੇ ਕੰਮ ਦਿੱਤਾ। ਉਸ ਨੇ ਉਨ੍ਹਾਂ ਰਹਿਨੁਮਾਵਾਂ ਨੂੰ ਕਾਬਿਲ ਵੀ ਬਣਾਇਆ। ਉਸ ਨੇ ਅਜਿਹੀ ਸਮੱਗਰੀ ਦੀ ਵਰਤੋਂ ਕੀਤੀ ਜੋ ਉਮੀਦ ਤੋਂ ਪਰ੍ਹੇ ਸੀ। ਮੂਸਾ ਨੇ ਪਹਿਲਾਂ ਵੀ ਲੋਕਾਂ ਦੀ ਅਗਵਾਈ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਕਾਮਯਾਬ ਨਹੀਂ ਹੋਇਆ ਸੀ; ਗਿਦਾਊਨ ਨਿਆਈਂ ਬਣਨ ਲਈ ਤਿਆਰ ਨਹੀਂ ਸੀ; ਦਾਊਦ ਆਪਣੇ ਪਿਤਾ ਦੇ ਅੱਠ ਲੜਕਿਆਂ ਵਿੱਚੋਂ ਸਭ ਤੋਂ ਛੋਟਾ ਸੀ, ਅਤੇ ਬਾਕੀ ਸਾਰੇ ਉਸ ਤੋਂ ਵੱਧ ਤਗੜੇ ਲਗਦੇ ਸਨ; ਰਸੂਲਾਂ ਨੂੰ ਅਗਵਾਈ ਲਈ ਸੱਦੇ ਜਾਣ ਦੀਆਂ ਗੱਲਾਂ ਤੇ ਯਕੀਨ ਨਾ ਕਰਨ ਵਾਲੇ ਲੋਕ ਉਨ੍ਹਾਂ ਨੂੰ ਅਵਾਰਾ ਗਲੀਲੀ ਸਮਝਦੇ ਸਨ। ਇਹ ਸਭ ਮਹਾਨ ਆਗੂ ਬਣੇ, ਕਿਉਂਕਿ ਖ਼ੁਦਾ ਨੇ ਉਨ੍ਹਾਂ ਨੂੰ ਅਗਵਾਈ ਕਰਨ ਦੇ ਕਾਬਿਲ ਬਣਾਇਆ ਸੀ। ਭਾਵੇਂ ਅੱਜ ਖ਼ੁਦਾ ਇਹ ਕੰਮ ਮੋਅਜਜ਼ੇ ਕਰਨ ਨਾਲ ਨਹੀਂ ਕਰ ਰਿਹਾ ਹੈ, ਪਰ ਅੱਜ ਵੀ ਉਹ ਕਲੀਸੀਆ ਵਿਚ ਲੋਕਾਂ ਨੂੰ ਲੀਡਰ ਬਣਾ ਰਿਹਾ ਹੈ।

ਤਿੰਨ ਆਇਤਾਂ ਤੋਂ ਪਤਾ ਲਗਦਾ ਹੈ ਕਿ ਨਵੇਂ ਨੇਮ ਦੇ ਵਕਤ ਲੀਡਰਸ਼ਿਪ ਨੂੰ ਦਾਨ ਦੇ ਰੂਪ ਵਿਚ ਮੰਨਿਆ ਜਾਂਦਾ ਸੀ। ਪਹਿਲਾਂ, ਅਸੀਂ ਪੜ੍ਹਦੇ ਹਾਂ ਕਿ ''ਉਹ ਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪ੍ਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ। ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉੱਸਰਦੀ ਜਾਵੇ'' (ਅਫ਼ਸੀਆਂ 4:11, 12)। ਫਿਰ ਰੋਮੀਆਂ 12:6-8 ਵਿਚ ਪੜ੍ਹਦੇ ਹਾਂ, ''ਸੋ ਸਾਨੂੰ ਉਸ ਕਿਰਪਾ ਦੇ ਅਨੁਸਾਰ ਜੋ ਸਾਨੂੰ ਦਾਨ ਹੋਈ ਵੱਖੋ ਵੱਖਰੀਆਂ ਦਾਤਾਂ ਮਿਲੀਆਂ। ਫਿਰ ਜੇ ਉਹ ਨਬੂਵਤ ਹੋਵੇ ਤਾਂ ਆਪਣੀ ਨਿਹਚਾ ਦੇ ਸਮਾਨ ਨਬੂਵਤ ਕਰੀਏ। ਜੇ ਸੇਵਾ ਹੋਵੇ ਤਾਂ ਆਪਣੀ ਸੇਵਾ ਵਿਚ ਰਹੀਏ, ਜੇ ਸਿਖਾਉਣ ਵਾਲਾ ਹੋਵੇ ਤਾਂ ਸਿਖਾਉਣ ਦੇ ਕੰਮ ਵਿਚ। ਜੇ ਉਪਦੇਸ਼ਕ ਹੋਵੇ ਤਾਂ ਉਪਦੇਸ਼ ਕਰਨ ਵਿਚ, ਦਾਨ ਦੇਣ ਵਾਲਾ ਖੁੱਲ੍ਹੇ ਦਿਲ ਦੇਵੇ, ਉਪਕਾਰ ਤਰੱਦਦ ਨਾਲ ਹੋਵੇ, ਦਿਆ ਕਰਨ ਵਾਲਾ ਖੁਸ਼ੀ ਨਾਲ ਦਿਆ ਕਰੇ।'' *ਦਿ ਨਿਊ ਟੈਸਟਾਮੈਂਟ ਫਰਾਮ 26 ਟ੍ਰਾਂਲੇਸ਼ਨਜ਼*[3] ਵਿਚ ਦਿੱਤੇ ਗਏ ਅਨੁਵਾਦਾਂ ਵਿਚ ਇਸ ਦਾ ਅਨੁਵਾਦ ਇਵੇਂ ਹੈ: ''ਜੋ ਰਾਜ ਕਰਦਾ ਹੈ'' (Con); ''ਜਿਸ ਕੋਲ ਅਖ਼ਤਿਆਰ ਹੈ ...'' (TCNT); ''ਜੋ ਪ੍ਰਧਾਨਤਾ ਕਰਦਾ ਹੈ ...'' (way); ''ਜੇ ਤੁਸੀਂ ਲੀਡਰ ਹੋ ਤਾਂ ...'' (NEB)। NIV ਵਿਚ ਇਸ ਦਾ ਅਨੁਵਾਦ ''ਜੇ ਇਹ ਅਗਵਾਈ ਕਰਨ ਦੀ ਗੱਲ ਹੈ ਤਾਂ ...'' ਮਿਲਦਾ ਹੈ। ਤੀਜਾ, 1 ਕੁਰਿੰਥੀਆਂ 12:28 ਵਿਚ ਪੌਲੁਸ ਲਿਖਦਾ ਹੈ ਕਿ ''ਕਲੀਸੀਆ ਵਿਚ ਖ਼ੁਦਾ ਨੇ ਕਈਆਂ ਨੂੰ ਠਹਿਰਾਇਆ ਹੈ, ਪਹਿਲਾਂ ਰਸੂਲਾਂ ਨੂੰ, ਦੂਜੇ ਨਬੀਆਂ ਨੂੰ, ਤੀਜੇ ਸਿਖਾਉਣ ਵਾਲਿਆਂ ਨੂੰ, ਫਿਰ ਮੋਅਜਜ਼ੇ ਕਰਨ ਵਾਲਿਆਂ ਨੂੰ, ਫਿਰ ਚੰਗਾਈ ਦੇਣ ਵਾਲਿਆਂ ਨੂੰ, ਮਦਦ ਕਰਨ ਵਾਲਿਆਂ ਨੂੰ, *ਹਾਕਮਾਂ ਨੂੰ ...*''(RSV)। *ਦਿ ਨਿਊ ਟੈਸਟਾਮੈਂਟ ਫ਼ਰਾਮ 26 ਟ੍ਰਾਂਸਲੇਸ਼ਨਜ਼* ਦੇ ਅਨੁਸਾਰ,

''ਹਾਕਮਾਂ'' ਦੀ ਥਾਂ ਦੂਜੇ ਅਨੁਵਾਦ ''ਸਰਕਾਰਾਂ'' (KJV), ''ਪ੍ਰਬੰਧ ਕਰਨ ਵਾਲਿਆਂ'' (Phi), ''ਉਨ੍ਹਾਂ ਦੀ ਅਗਵਾਈ ਲਈ ਸ਼ਕਤੀ'' (NEB), ''ਸਿਆਣੇ ਆਗੂ'' (Bas), ''ਜੋ ਦੂਜਿਆਂ ਨੂੰ ਨਾਲ ਲੈ ਕੇ ਕੰਮ ਕਰਵਾ ਸਕਦੇ ਹਨ'' (tay), ਜਾਂ ''ਮੈਨੇਜਰ'' (Beck) ਦੀ ਵਰਤੋਂ ਕਰਦੇ ਹਨ। NIV ਦੇ ਅਨੁਵਾਦ ਮੁਤਾਬਕ ''ਇੰਤਜ਼ਾਮ ਕਰਨ ਦੇ ਦਾਨ'' ਅਤੇ NRSV ਵਿਚ ''ਰਹਿਨੁਮਾਈ ਦੀਆਂ ਕਿਸਮਾਂ'' ਹੈ।

*ਅੱਜ ਲੀਡਰਸ਼ਿਪ ਨੂੰ ਇਕ ਦਾਨ ਦੇ ਰੂਪ ਵਿਚ ਕਿਵੇਂ ਸਮਝਿਆ ਜਾ ਸਕਦਾ ਹੈ?* ਹੋ ਸਕਦਾ ਹੈ ਕਿ ਆਗੂ ਆਪਣੇ ਆਪ ਨੂੰ ਦੂਜਿਆਂ ਤੋਂ ਵਧ ਕੇ, ''ਆਪਣੇ ਆਪ ਬਣ ਗਏ'' ਸਮਝਣ ਲੱਗਣ। ਉਨ੍ਹਾਂ ਦੇ ਮਨ ਵਿਚ ਆ ਸਕਦਾ ਹੈ, ''ਮੈਂ ਕੰਮ ਕੀਤਾ ਹੈ। ਮੈਂ ਪੜ੍ਹਿਆ ਲਿਖਿਆ ਹਾਂ। ਮੈਂ ਲੋਕਾਂ ਵਿਚ ਐਨੀ ਦੇਰ ਤੋਂ ਰਹਿ ਰਿਹਾ ਹਾਂ ਅਤੇ ਮੈਂ ਉਨ੍ਹਾਂ ਲਈ ਬੜੇ ਬੜੇ ਕੰਮ ਕੀਤੇ ਹਨ। ਮੈਨੂੰ ਮਾਣ ਮਿਲਣਾ ਹੀ ਚਾਹੀਦਾ ਹੈ ਅਤੇ ਲੋਕਾਂ ਨੂੰ ਮੇਰੀ ਗੱਲ ਮੰਨਣੀ ਹੀ ਚਾਹੀਦੀ ਹੈ। ਕੋਈ ਕਿਵੇਂ ਆਖ ਸਕਦਾ ਹੈ ਕਿ ਲੋਕਾਂ ਦੀ ਅਗਵਾਈ ਕਰਨਾ ਮੇਰੇ ਲਈ ਦਾਨ ਹੈ?'' ਕਈ ਤਰ੍ਹਾਂ ਦੇ ਵਿਚਾਰਾਂ ਨਾਲ ਸਾਨੂੰ ਇਹ ਸਮਝਣ ਵਿਚ ਮਦਦ ਮਿਲਦੀ ਹੈ ਕਿ ਲੀਡਰਸ਼ਿਪ ਅਸਲ ਵਿਚ ਇਕ ਦਾਨ ਜਾਂ ਖ਼ੁਦਾ ਵੱਲੋਂ ਦਿੱਤਾ ਗਿਆ ਤੋਹਫ਼ਾ ਹੈ।

ਇਕ ਪਾਸੇ, ਜੇ ਲੀਡਰ ਬਣਾਏ ਨਹੀਂ ਜਾਂਦੇ ਪੈਦਾ ਹੀ ਹੁੰਦੇ ਹਨ (ਜਾਂ ਬਣਾਏ ਜਾਣ ਨਾਲੋਂ ਵੱਧ ਪੈਦਾਇਸ਼ੀ ਲੀਡਰ ਹੁੰਦੇ ਹਨ), ਤਾਂ ਕਲੀਸੀਆ ਦੇ ਆਗੂਆਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਹਰ ਚੰਗਾ ਦਾਨ ਖ਼ੁਦਾ ਵੱਲੋਂ ਹੁੰਦਾ ਹੈ (ਯਾਕੂਬ 1:17)। ਉਨ੍ਹਾਂ ਨੇ ਆਪਣੇ ਮਾਤਾ ਪਿਤਾ ਨੂੰ ਨਹੀਂ ਚੁਣਿਆ ਸੀ, ਨਾ ਹੀ ਉਹ ਆਪਣੇ ਸੁਭਾਵਿਕ ਗੁਣਾਂ ਲਈ ਜ਼ਿੰਮੇਵਾਰ ਹਨ। ਜੇ ਕੋਈ ਲੰਮਾ, ਤਾਕਤਵਰ, ਵੇਖਣ ਵਿਚ ਸੋਹਣਾ, ਸਮਝਦਾਰ ਅਤੇ ''ਪੈਦਾਇਸ਼ੀ ਲੀਡਰ'' ਹੈ, ਤਾਂ ਉਸ ਨੂੰ ਸ਼ੇਖੀ ਨਹੀਂ ਮਾਰਨੀ ਚਾਹੀਦੀ। ਖ਼ੁਦਾ ਦੇ ਹਿਸਾਬ ਨਾਲ ਉਸ ਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਖ਼ੁਦਾ ਨੇ ਉਸ ਨੂੰ ਅਜਿਹੀਆਂ ਖੂਬੀਆਂ ਨਾਲ ਪੈਦਾ ਹੋਣ ਦੇ ਯੋਗ ਬਣਾਇਆ; ਵਡਿਆਈ ਖ਼ੁਦਾ ਨੂੰ ਹੀ ਦਿੱਤੀ ਜਾਣੀ ਚਾਹੀਦੀ ਹੈ! ਪੌਲੁਸ ਜੋ ਯਕੀਨਨ ਸੁਭਾਵਿਕ ਲੀਡਰ ਸੀ, ਮੰਨਿਆ ਕਿ ਉਸ ਨੂੰ ਇਹ ਗੁਣ ਖ਼ੁਦਾ ਵੱਲੋਂ ਹੀ ਮਿਲੇ ਸਨ। ਉਸ ਨੇ ਕਿਹਾ ''ਪਰ ਮੈਂ ਜੋ ਕੁਝ ਹਾਂ ਪਰਮੇਸ਼ਰ ਦੀ ਕਿਰਪਾ ਹੀ ਨਾਲ ਹਾਂ'' (1 ਕੁਰਿੰਥੀਆਂ 15:10)।

ਦੂਜੇ ਪਾਸੇ ਜੇ ਲੀਡਰ ਪੈਦਾ ਨਹੀਂ ਹੁੰਦੇ, ਬਣਾਏ ਜਾਂਦੇ ਹਨ, ਤਾਂ ਵੀ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜ਼ਿੰਦਗੀ ਦੀ ਹਰ ਚੰਗੀ ਚੀਜ਼ ਖ਼ੁਦਾ ਵੱਲੋਂ ਆਉਂਦੀ ਹੈ। *ਹਾਲਾਤ ਨਾਲ ਲੀਡਰ ਬਣੇ ਅਤੇ ਕਾਮਯਾਬ ਹੋਏ ਲੋਕ ਉਸ ਸਭ ਦੀ ਵਡਿਆਈ ਖ਼ੁਦਾ ਨੂੰ ਹੀ ਦੇ ਸਕਦੇ ਹਨ।* ਕੋਈ ਇਤਰਾਜ਼ ਕਰ ਸਕਦਾ ਹੈ ਕਿ ''ਮੈਂ ਸਖ਼ਤ ਮਿਹਨਤ ਕਰਕੇ ਅਧਿਐਨ ਕੀਤਾ,'' ਪਰ ਉਸ ਵਿਚ ਕੰਮ ਕਰਨ ਅਤੇ ਅਧਿਐਨ ਕਰਨ ਦੀ ਇੱਛਾ ਕਿੱਥੋਂ ਆਈ? ਮਾਤਾ-ਪਿਤਾ ਤੋਂ ਜਾਂ ਦਾਦਾ-ਦਾਦੀ ਤੋਂ? ਕਿਸੇ ਦੋਸਤ ਜਾਂ ਗੁਆਂਢੀ ਤੋਂ? ਕਿਸੇ ਉਸਤਾਦ ਤੋਂ? ''ਆਪਣੇ ਬਲਬੂਤੇ'' ਕਾਮਯਾਬ ਹੋਣ ਵਾਲਾ ਉਸ ਆਦਮੀ ਨੂੰ ਯਾਦ ਕਰ ਸਕਦਾ ਹੈ ਜਿਸ ਨੇ ਉਸ ਨੂੰ ਕਾਮਯਾਬ ਹੋਣ ਦੀ ਹੱਲਾ ਸ਼ੇਰੀ ਦੇਣ ਦੀ ਵੱਡੀ ਭੂਮਿਕਾ ਨਿਭਾਈ। ਉਸ ਨੂੰ ਉਹ ਬੰਦਾ ਕਿੱਥੋਂ ਲੱਭਾ? ਖ਼ੁਦਾ ਵੱਲੋਂ! ਜੇ ਖ਼ੁਦਾ ਉਸ ਦੀ ਕਾਮਯਾਬੀ ਲਈ ਹਾਲਾਤ ਪੈਦਾ ਨਾ ਕਰਦਾ, ਤਾਂ ਉਹ ਕਾਮਯਾਬ ਨਹੀਂ ਹੋ ਸਕਦਾ ਸੀ!

ਉਦਾਹਰਣ ਲਈ, ਐਲਡਰ ਬਣਨ ਦੀਆਂ ਯੋਗਤਾਵਾਂ ਤੇ ਵਿਚਾਰ ਕਰੋ। ਐਲਡਰ ਬਣਨ ਲਈ ਸਭ ਤੋਂ ਪਹਿਲਾ ਗੁਣ ਮਸੀਹੀ ਹੋਣਾ ਹੈ। ਕੀ ਉਹ ਇਕ ਮਸੀਹੀ ਬਣਨ ਦਾ ਮੌਕਾ ਦੇਣ ਲਈ ਖ਼ੁਦਾ ਦਾ ਸ਼ੁਕਰਗੁਜ਼ਾਰ ਨਹੀਂ ਹੈ। ਉਸ ਨੂੰ ਸਿਰਫ਼ ਮੁਕਤੀਦਾਤੇ ਅਤੇ ਇੰਜੀਲ ਦੇਣ ਲਈ

ਹੀ ਨਹੀਂ ਬਲਕਿ ਉਸ ਪ੍ਰਚਾਰਕ, ਉਸਤਾਦ ਲਈ ਵੀ ਖ਼ੁਦਾ ਦਾ ਸ਼ੁਕਰ ਕਰਨਾ ਚਾਹੀਦਾ ਹੈ ਜੋ ਸਭ ਤੋਂ ਪਹਿਲਾਂ ਉਸ ਨੂੰ ਬਚਾਏ ਜਾਣ ਦੀ ਖੁਸ਼ ਖਬਰੀ ਸੁਣਾਉਣ ਆਇਆ ਸੀ।

ਉਨ੍ਹਾਂ ਨਿੱਜੀ ਖੂਬੀਆਂ ਦੇ ਵਧਣ ਤੇ ਵਿਚਾਰ ਕਰੋ ਜਿਸ ਨਾਲ ਐਲਡਰ ਬਣਨ ਦੀ ਖੂਬੀ ਆਈ: ਉਸ ਦੀ ਜ਼ਿੰਦਗੀ ਨਾਲ ਇਹ ਗੱਲਾਂ ਇਸ ਲਈ ਜੁੜੀਆਂ ਕਿਉਂਕਿ ਉਸ ਨੂੰ ਖ਼ੁਦਾ ਵੱਲੋਂ ਬਰਕਤ ਮਿਲੀ ਹੈ। ਹੋ ਸਕਦਾ ਹੈ ਕਿ ਉਹ ਇਹ ਸੋਚੇ ਕਿ ਉਸ ਨੇ ਆਪਣੇ ਅੰਦਰ ਇਹ ਗੁਣ ਆਪੇ ਪੈਦਾ ਕੀਤੇ ਹਨ ਕਿਉਂਕਿ ਉਹ ਬਾਈਬਲ ਪੜ੍ਹਦਾ ਹੈ, ਪਰ ਉਹਦੇ ਲਈ ਬਾਈਬਲ ਕਿਸ ਨੇ ਦਿੱਤੀ? ਉਹਨੂੰ ਪੜ੍ਹਨ ਦੇ ਯੋਗ ਕਿਸ ਨੇ ਬਣਾਇਆ? ਉਸ ਨੂੰ ਵਚਨ ਕਿਸ ਨੇ ਸੁਣਵਾਇਆ? ਹੋ ਸਕਦਾ ਹੈ ਕਿ ਉਹਨੇ ਰੂਹਾਨੀ ਤਰੱਕੀ ਇਸ ਲਈ ਕੀਤੀ ਕਿ ਉਹਦੇ ਮਾਤਾ-ਪਿਤਾ ਖ਼ੁਦਾ ਦਾ ਭੈਅ ਰੱਖਦੇ ਸਨ; ਪਰ ਉਹਨੂੰ ਮਾਤਾ-ਪਿਤਾ ਕਿਸ ਨੇ ਦਿੱਤੇ? ਹੋ ਸਕਦਾ ਹੈ ਕਿ ਉਹਦੀ ਰੂਹਾਨੀ ਤਰੱਕੀ ਦੂਜੇ ਮਸੀਹੀ ਲੋਕਾਂ ਦੀ ਸੰਗਤੀ ਦੇ ਕਾਰਣ ਹੋਈ ਹੋਵੇ, ਉਹਨੂੰ ਵਿਸ਼ਵਾਸੀ ਪ੍ਰਚਾਰਕਾਂ ਰਾਹੀਂ ਬਾਈਬਲ ਦੀ ਸਿੱਖਿਆ ਦਿੱਤੀ ਗਈ ਹੋਵੇ, ਅਤੇ ਮਸੀਹੀ ਆਗੂਆਂ ਦੀ ਹਲੀਮੀ ਤੋਂ ਉਹ ਕਾਇਲ ਹੋ ਗਿਆ ਹੋਵੇ। ਜੇ ਇਹ ਗੱਲ ਹੈ, ਤਾਂ ਇਹ ਬਰਕਤਾਂ ਉਹਨੇ ਆਪਣੀ ਤਾਕਤ ਨਾਲ ਹਾਸਲ ਨਹੀਂ ਕੀਤੀਆਂ। ਇਹ ਸਭ ਬਰਕਤਾਂ ਉਹਨੂੰ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਹਨ! ਖ਼ੁਦਾ ਉਨ੍ਹਾਂ ਲੋਕਾਂ ਨੂੰ ਅੱਗੇ ਲਿਆਉਣ ਲਈ ਅਜਿਹੇ ਵਸੀਲਿਆਂ ਦੀ ਵਰਤੋਂ ਕਰਦਾ ਹੈ ਜੋ ਕਲੀਸੀਆ ਵਿਚ ਅਗਵਾਈ ਦੇਣ ਦੇ ਯੋਗ ਹੋਣ।

ਯੋਗ ਪਰਿਵਾਰ ਦੇ ਬਿਨਾਂ ਕੋਈ ਕਲੀਸੀਆ ਦੇ ਐਲਡਰ ਦੇ ਰੂਪ ਵਿਚ ਸਹੀ ਢੰਗ ਨਾਲ ਸੇਵਾ ਨਹੀਂ ਕਰ ਸਕਦਾ। ਮਹਿਮਾਨਾਂ ਅਤੇ ਪਰਿਵਾਰ ਦੀ ਚੰਗੀ ਤਰ੍ਹਾਂ ਦੇਖਭਾਲ, ਬੱਚਿਆਂ ਨੂੰ ''ਪ੍ਰਭੂ ਦੇ ਭੈਅ ਵਿਚ ਆਪਣੇ ਕਾਬੂ ਵਿੱਚ ਰੱਖਣ'' ਅਤੇ ਕਲੀਸੀਆ ਦੇ ਬਾਹਰਲੇ ਲੋਕਾਂ ਵਿਚ ਇੱਜ਼ਤ ਚੰਗੀ ਪਤਨੀ ਦੇ ਹੋਣ ਨਾਲ ਹੀ ਹੋ ਸਕਦੀ ਹੈ (1 ਤਿਮੋਥਿਉਸ 3:2-7)। ਚੰਗੀ ਪਤਨੀ ਖ਼ੁਦਾ ਵੱਲੋਂ ਇਨਾਮ ਹੈ (ਕਹਾਉਤਾਂ 19:14; 18:22)। ਇਸ ਤੋਂ ਇਲਾਵਾ ਹੋ ਸਕਦਾ ਹੈ ਕਿ ਕਿਸੇ ਦੀ ਪਤਨੀ ਤਾਂ ਚੰਗੀ ਹੋਵੇ ਪਰ ਉਸ ਦੇ ਬੱਚੇ ਨਾ ਹੋਣ ਜਿਸ ਨਾਲ ਉਹ ਐਲਡਰ ਦੇ ਰੂਪ ਵਿਚ ਸੇਵਾ ਕਰਨ ਦੇ ਕਾਬਲ ਨਾ ਹੋਵੇ (ਤੀਤੁਸ 1:6)। ਬੱਚੇ ਖ਼ੁਦਾ ਵੱਲੋਂ ਇਨਾਮ ਹਨ (ਜ਼ਬੂਰ 127:3)। ਇਸ ਤੋਂ ਇਲਾਵਾ ਜੇ ਬੱਚੇ ਵੱਡੇ ਹੋ ਕੇ ਵਫ਼ਾਦਾਰ ਮਸੀਹੀ ਬਣਦੇ ਹਨ, ਤਾਂ ਉਹਨੂੰ ਖ਼ੁਦਾ ਦਾ ਸ਼ੁਕਰ ਕਰਨਾ ਚਾਹੀਦਾ ਹੈ; ਕਿਉਂਕਿ ਉਹਦੇ ਅਤੇ ਉਸ ਦੀ ਪਤਨੀ ਵੱਲੋਂ ਉਨ੍ਹਾਂ ਦਾ ਪਾਲਣ-ਪੋਸ਼ਣ ਵਧੀਆ ਤਰੀਕੇ ਨਾਲ ਕਰਨ ਦੀ ਹਰ ਕੋਸ਼ਿਸ਼ ਕਰਨ ਤੇ ਉਹ ਭਟਕ ਸਕਦੇ ਸਨ। ਜਿੱਥੇ ਬੱਚੇ ਵਿਸ਼ਵਾਸੀ ਹੋਣ (ਮਾਤਾ-ਪਿਤਾ ਦੀਆਂ ਗਲਤੀਆਂ ਦੇ ਬਾਵਜੂਦ) ਤਾਂ ਇਹ ਵੀ ਉਹਦੇ ਵੱਲੋਂ ਹੁੰਦਾ ਹੈ।

*ਇਹ ਅਹਿਸਾਸ ਕਿ ਲੀਡਰਸ਼ਿਪ ਇਕ ਦਾਨ ਹੈ ਕਲੀਸੀਆ ਵਿਚ ਲੀਡਰ ਨੂੰ ਕਿਵੇਂ ਪ੍ਰਭਾਵਿਤ ਕਰੇਗਾ?* ਪਹਿਲਾਂ ਤਾਂ ਉਸ ਨੂੰ ਇਸ ਨਾਲ ਹਲੀਮ ਹੋਣ ਵਿਚ ਮਦਦ ਮਿਲਣੀ ਚਾਹੀਦੀ ਹੈ। ਉਹਨੇ ਲੀਡਰਸ਼ਿਪ, ਅਗਵਾਈ ਕਰਨ ਦਾ ਗੁਣ ਆਪਣੀ ਯੋਗਤਾ ਨਾਲ ਨਹੀਂ ਪਾਇਆ। ਉਸ ਵਿਚ ਜੋ ਵੀ ਭਲਾਈ ਹੈ ਉਹ ਖ਼ੁਦਾ ਦੇ ਕਾਰਣ ਹੀ ਹੈ।

ਦੂਜਾ, ਇਸ ਨਾਲ ਉਹਨੂੰ ਆਪਣੀ ਭੂਮਿਕਾ ਨੂੰ ਬਰਾਬਰ ਰੱਖਣ ਲਈ ਮਦਦ ਮਿਲਣੀ ਚਾਹੀਦੀ ਹੈ। ਸੰਗਤੀ ਵਿਚ ਦੂਜਿਆਂ ਨਾਲ ਉਹਦਾ ਕੀ ਸਬੰਧ ਹੈ? ਉਹਦੇ ਵਿਚ ਇਕ ਗੁਣ ਹੈ: ਲੀਡਰਸ਼ਿਪ ਦਾ ਗੁਣ। ਉਨ੍ਹਾਂ ਵਿਚ ਵੀ ਕਈ ਗੁਣ ਹਨ, ਜਿਵੇਂ ਪੈਸਾ ਕਮਾਉਣ, ਦਲੇਰੀ ਦੇਣ, ਨੌਜਵਾਨਾਂ ਨੂੰ ਚੁਣੌਤੀ ਦੇਣ ਆਦਿ ਦੀ ਯੋਗਤਾ। ਇਹ ਸਭ ਖੂਬੀਆਂ ਕਲੀਸੀਆ ਦੀ ਭਲਾਈ

ਲਈ ਵਰਤੀਆਂ ਜਾਣੀਆਂ ਚਾਹੀਦੀਆਂ ਹਨ। ਕੀ ਉਹਦਾ ਗੁਣ ਉਨ੍ਹਾਂ ਤੋਂ ਵੱਧ ਅਹਿਮ ਹੈ? ਹੋ ਸਕਦਾ ਹੈ ਕਿ ਉਹਦੇ ਇਸ ਗੁਣ ਵੱਲ ਬਹੁਤੇ ਲੋਕਾਂ ਦਾ ਧਿਆਨ ਜਾਂਦਾ ਹੋਵੇ, ਇਹ ਬਹੁਤੇ ਲੋਕਾਂ ਨਾਲ ਸਬੰਧਿਤ ਹੋਵੇ ਪਰ ਉਹਦਾ ਇਹ ਗੁਣ ਦੂਜਿਆਂ ਨਾਲੋਂ ਵੱਧ ਅਹਿਮ ਨਹੀਂ ਹੈ। ਇਸ ਨਾਲ ਉਹ ਹੋਰਨਾਂ ਲੋਕਾਂ ਨਾਲੋਂ ਬਹੁਤਾ ਖ਼ਾਸ ਨਹੀਂ ਬਣ ਸਕਦਾ। ਸਾਨੂੰ ਆਪਣੇ ਦਿਲ ਤੋਂ ਉਹ ਪ੍ਰਧਾਨ ਯਾਜਕ ਵਾਲੇ ਵਿਚਾਰ ਨੂੰ ਕੱਢ ਦੇਣਾ ਚਾਹੀਦਾ ਹੈ ਜਿਸ ਨਾਲ ਕਲੀਸੀਆ ਦੇ ਆਗੂ ਇਕ ਤ੍ਰਿਕੋਣ ਦੀ ਨੁੱਕਰ ਹਨ, ਜਿਵੇਂ ਕਿ ਦੂਜਿਆਂ ਮੈਂਬਰਾਂ ਨਾਲੋਂ ਉੱਚੇ ਜਹਾਜ਼ ਚ ਬੈਠੇ ਹੋਣ।

ਤੀਜਾ, ਇਸ ਨਾਲ ਲੀਡਰ ਨੂੰ ਆਪਣੇ ਆਪ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ''ਜੇ ਖ਼ੁਦਾ ਨੇ ਮੈਨੂੰ ਅਗਵਾਈ ਕਰਨ ਦਾ ਗੁਣ ਦਿੱਤਾ ਹੈ, ਤਾਂ ਉਹ ਭਲਾ ਇਹ ਨਹੀਂ ਚਾਹੁੰਦਾ ਕਿ ਮੈਂ ਉਹਦੀ ਵਰਤੋਂ ਉਹਦੀ ਵਡਿਆਈ ਲਈ ਕਰਾਂ ਅਤੇ ਹਰ ਸੰਭਵ, ਕਲੀਸੀਆ ਵਿਚ ਇਸਦੀ ਵਰਤੋਂ ਕਰਾਂ?'' ਖ਼ੁਦਾ ਮਸੀਹੀ ਲੋਕਾਂ ਨੂੰ ਤੋੜੇ ਦਿੰਦਾ ਹੈ ਤਾਂ ਜੋ ਉਹ ਇਨ੍ਹਾਂ ਦੀ ਵਰਤੋਂ ਕਲੀਸੀਆ ਦੇ ਫ਼ਾਇਦੇ ਅਤੇ ਉਹਦੇ ਜਲਾਲ ਲਈ ਕਰਨ।

ਇਸ ਤੇ ਵਿਚਾਰ ਕਰੋ: ਜੇ ਖ਼ੁਦਾ ਨੇ ਕਿਸੇ ਨੂੰ ਐਲਡਰ ਬਣਨ ਦਾ ਤੋੜਾ ਦਿੱਤਾ ਹੈ, ਤਾਂ ਕੀ ਉਹਦੇ ਲਈ ਐਲਡਰ ਬਣਨ ਲਈ ਮੌਕੇ ਤੋਂ ਨਾ ਕਰਨਾ ਗ਼ਲਤ ਹੈ?

## ਸਾਰ

ਲੀਡਰਸ਼ਿਪ ਭਾਵ ਅਗਵਾਈ ਕਰਨ ''ਪਹਿਲਾਂ ਤੋਂ ਠਹਿਰਾਏ ਟੀਚੇ ਜਾਂ ਮਕਸਦ ਨੂੰ ਪੂਰਾ ਕਰਨ ਲਈ ਖ਼ਾਸ ਲੋਕਾਂ ਜਾਂ ਕਿਸੇ ਸਮੂਹ ਦੀ ਸਮਝ ਅਤੇ ਅਕਲ ਨਾਲ ਅਗਵਾਈ ਕਰਨ'' ਨੂੰ ਕਿਹਾ ਜਾਂਦਾ ਹੈ। ਹਮੇਸ਼ਾ ਵਾਂਗ ਖ਼ੁਦਾ ਅੱਜ ਵੀ ਆਪਣੇ ਲੋਕਾਂ ਲਈ ਆਗੂ ਤਿਆਰ ਕਰਾਉਂਦਾ ਹੈ। ਕਲੀਸੀਆ ਵਿਚ ਬਹੁਤ ਸਾਰੇ ਲੋਕਾਂ ਨੂੰ ਆਗੂ ਜਾਂ ਲੀਡਰ ਬਣਨ ਲਈ ਬੁਲਾਇਆ ਗਿਆ ਹੈ। ਭਲਾ ਉਹ ਲੋਕ ਜਿਨ੍ਹਾਂ ਵਿਚ ਪਹਿਲੀ ਕਲੀਸੀਆ ਤੋਂ ਹੀ ਅਗਵਾਈ ਕਰਨ ਦੇ ਪੌਲੁਸ ਵਰਗੇ ਗੁਣ ਹਨ, ਕਲੀਸੀਆ ਦੀ ਅਗਵਾਈ ਕਰਨਗੇ ਜਾਂ ਆਪਣੇ ਲੋਕਾਂ ਦੇ ਆਗੂ ਹੋਣ ਲਈ ਖ਼ੁਦਾ ਦੀ ਬੁਲਾਹਟ ਨੂੰ ਠੁਕਰਾਉਣਗੇ?

---

ਟਿੱਪਣੀਆਂ

[1]ਇਨ੍ਹਾਂ ਅਤੇ ਹੋਰ ਪਰਿਭਾਸ਼ਾਵਾਂ ਲਈ ਵੇਖੋ ਜੇ.ਜੇ. ਟਰਨਰ, *ਲੀਡਰਸ਼ਿਪ ਐਂਡ ਚਰਚ ਗ੍ਰੋਥ* (ਸ਼ਰੇਵਪੋਰਟ, ਲੁਇਸਿਆਨਾ: ਲੈਂਬਰਟ ਬੁੱਕ ਹਾਉਸ, 1976), 9-10. [2]ਕੈਨਥ ਓ. ਗੈਂਗਲ, *ਲੀਡਰਸ਼ਿਪ ਫ਼ਾਰ ਚਰਚ ਐਜੁਕੇਸ਼ਨ* (ਸ਼ਿਕਾਗੋ: ਮੂਡੀ ਪ੍ਰੈੱਸ, 1970), 12-13. [3]ਕਰਟਿਸ ਵਾਅਨ, ਸੰ. *ਦਿ ਨਿਊ ਟੈਸਟਾਮੈਂਟ ਫ਼ਰਾਮ 26 ਟ੍ਰਾਂਸਲੇਸ਼ਨਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 1967)।